# GENESIS WITH THE FIRST TWENTY CHAPTERS OF EXODUS, IN PANJABI

Published @ 2017 Trieste Publishing Pty Ltd

ISBN 9780649273522

Genesis with the first twenty chapters of Exodus, In Panjabi by  Levi Janvier

Except for use in any review, the reproduction or utilisation of this work in whole or in part in any form by any electronic, mechanical or other means, now known or hereafter invented, including xerography, photocopying and recording, or in any information storage or retrieval system, is forbidden without the permission of the publisher, Trieste Publishing Pty Ltd, PO Box 1576 Collingwood, Victoria 3066 Australia.

All rights reserved.

Edited by Trieste Publishing Pty Ltd.
Cover @ 2017

This book is sold subject to the condition that it shall not, by way of trade or otherwise, be lent, re-sold, hired out, or otherwise circulated without the publisher's prior consent in any form or binding or cover other than that in which it is published and without a similar condition including this condition being imposed on the subsequent purchaser.

www.triestepublishing.com

LEVI JANVIER

# GENESIS WITH THE FIRST TWENTY CHAPTERS OF EXODUS, IN PANJABI

Trieste

ਧਰਮ ਪੁਸਤਕ ਵਿਚੋਂ,

ਆਦ ਪੋਥੀ ਜੋ ਉਤਪੱਤ ਦੀ ਕਹਾਉਂਦੀ ਹੈ,

ਅਰ ਜਾਤ੍ਰਾ ਪੋਥੀ ਦਾ ਪਹਿਲਾ ਭਾਗ,

ਜਿਹੜੀਆਂ ਪੋਥੀਆਂ ਪਰਮੇਸੁਰ ਨੈ ਮੂਸਾ ਪਿਕੰਬਰ ਦੇ

ਹਥੌਂ ਲਿਖਵਾਈਆਂ।

Bible. O.T. Genesis. Panjabi. 1849.

# GENESIS,

WITH THE FIRST TWENTY CHAPTERS OF

# EXODUS,

IN PANJABI.

LODIANA:
PRINTED FOR THE NORTH INDIA BIBLE SOCIETY, AT THE
AMERICAN PRESBYTERIAN MISSION PRESS: —
THE REV. J. NEWTON SUPERINTENDENT.

1849.

ਜੇ ਕੋਈ ਮਨੁਖ ਇਸ ਪੋਥੀ ਨੂੰ ਪੜ੍ਹਕੇ ਪ੍ਰਭੁ ਈਸਾ ਮਸੀਹ ਮੁਕਤਦਾਤਾ ਦੀ ਹੋਰ ਵਾਰਤਾ ਸੁਣਨੀ ਚਾਹੇ, ਤਾਂ ਲੁਦੇਹਾਣੇ ਦੇ, ਯਾ ਸਹਾਰਨਪੁਰ, ਯਾ ਸਬਾਥੂ, ਯਾ ਅੰਬਾਲੇ, ਯਾ ਦਿਲੀ, ਯਾ ਜਲੰਧਰ, ਯਾ ਹੋਰ ਥਾਵਾਂ ਦੇ ਪਾਦਰੀ ਸਾਹਬਾਂ ਦੇ ਪਾਸ ਜਾਕੇ, ਸਵਾਲ ਕਰੇ; ਸੋ ਉਨਾਂ ਦੀ ਗਲ ਸੁਣਕੇ ਆਪਣੇ ਮਨ ਵਿਚ ਤਸਲੀ ਪਾਵੇ। ਅਤੇ ਜੇ ਕਿਸੇ ਨੂੰ ਹੋਰਨਾਂ ਪੋਥੀਆਂ ਦੀ ਲੋੜ ਹੋਵੇ, ਤਾਂ ਉਨਾਂ ਹੀ ਸਾਹਬਾਂ ਤੇ ਮੰਗ ਲਵੇ॥

## ਮੂਸਾ ਦੀ ਆਦ ਪੋਥੀ

## ਜੋ ਉਤਪੱਤ ਦੀ ਕਹਾਉਂਦੀ ਹੈ।

[ ੧ ਪਰਬ ] ਪਿਰਥਮੇ ਪਰਮੇਸੁਰ ਨੈ ਅਕਾਸ ਅਰ ਧਰਤੀ
੨ ਉਤਪੱਤ ਕੀਤੀ। ਅਤੇ ਧਰਤੀ ਬੇਡੌਲ ਅਰ ਸੁੰਨਮਸਾਣ
ਸੀ, ਅਤੇ ਡੁੰਘਾਣ ਉੱਤੇ ਅਨੇਰ ਸਾ, ਅਤੇ ਪਰਮੇਸੁਰ ਦਾ
ਆਤਮਾ ਜਲ ਦੇ ਉੱਤੇ ਹਲਦਾ ਸੀ॥

੩ ਅਤੇ ਪਰਮੇਸੁਰ ਨੈ ਕਿਹਾ, ਜੋ ਚਾਨਣ ਹੋਵੇ; ਅਰ
੪ ਚਾਨਣ ਹੋ ਗਿਆ। ਅਤੇ ਪਰਮੇਸੁਰ ਨੈ ਚਾਨਣ ਨੂੰ ਡਿੱਠਾ,
ਜੋ ਅੱਛਾ ਹੈ। ਅਤੇ ਪਰਮੇਸੁਰ ਨੈ ਚਾਨਣ ਤਾਈਂ ਅਨੇਰ
੫ ਥੀਂ ਅੱਡ ਕੀਤਾ। ਅਤੇ ਪਰਮੇਸੁਰ ਨੈ ਚਾਨਣ ਨੂੰ ਦਿਨ,
ਅਤੇ ਅਨੇਰ ਨੂੰ ਰਾਤ ਕਰਕੇ ਕਿਹਾ। ਸੋ ਸੰਝ ਅਰ ਸਵੇਰ
ਪਹਿਲਾ ਦਿਹਾੜਾ ਹੋਇਆ॥

੬ ਅਤੇ ਪਰਮੇਸੁਰ ਨੈ ਕਿਹਾ, ਜੋ ਪਾਣੀਆਂ ਦੇ ਵਿਚਾਲੇ
੭ ਅਧਰ ਹੋਵੇ; ਸੋ ਪਾਣੀਆਂ ਤੇ ਪਾਣੀ ਅੱਡ ਕਰੇ। ਤਦ ਪਰ-
ਮੇਸੁਰ ਨੈ ਅਧਰ ਨੂੰ ਬਣਾਇਆ, ਅਤੇ ਅਧਰ ਤੇ ਹੇਠਲੇ
ਪਾਣੀਆਂ ਨੂੰ ਅਧਰ ਤੇ ਉੱਪਰਲੇ ਪਾਣੀਆਂ ਥੀਂ ਅੱਡ ਕੀ-
੮ ਤਾ। ਅਤੇ ਤਿਹਾ ਹੀ ਹੋ ਗਿਆ। ਅਤੇ ਪਰਮੇਸੁਰ ਨੈ

ਅਪਰ ਨੂੰ ਅਕਾਸ ਕਿਹਾ। ਸੋ ਸੰਝ ਅਰ ਸਵੇਰ ਦੂਜਾ ਦਿ-
ਹਾੜ੍ਹਾ ਹੋਇਆ॥

ਅਤੇ ਪਰਮੇਸੁਰ ਨੈ ਕਿਹਾ, ਜੋ ਅਕਾਸ ਦੇ ਹੇਠਲੇ ਪਾਣੀ ੯
ਇਕ ਜਾਗਾ ਕੱਠੇ ਹੋਣ, ਅਤੇ ਖੁਸਕੀ ਪਰਗਟ ਹੋਵੇ। ਅਤੇ
ਤਿਹਾ ਹੀ ਹੋ ਗਿਆ। ਅਤੇ ਪਰਮੇਸੁਰ ਨੈ ਖੁਸਕੀ ਨੂੰ ਧਰ- ੧੦
ਤੀ, ਅਤੇ ਪਾਣੀਆਂ ਦੇ ਕੱਠ ਨੂੰ ਸਮੁੰਦਰ ਕਿਹਾ; ਅਰ ਪਰ-
ਮੇਸੁਰ ਨੈ ਡਿੱਠਾ, ਜੋ ਅੱਛਾ ਹੈ। ਅਤੇ ਪਰਮੇਸੁਰ ਨੈ ਆ- ੧੧
ਖਿਆ, ਜੋ ਧਰਤੀ ਬੀਜਵਾਲਾ ਘਾਹ ਅਰ ਸਾਗਪੱਤ, ਅਤੇ
ਫਲਨਹਾਰ ਰੁਖ, ਜੋ ਆਪੋ ਆਪਣੀ ਜਾਤ ਦੇ ਅਨੁ-
ਸਾਰ ਫਲਨ, ਅਤੇ ਧਰਤੀ ਉੱਤੇ ਆਪ ਵਿਖੇ ਬੀਜਧਾਰੀ
ਹੋਣ, ਉਗਾਵੇ। ਅਤੇ ਤਿਹਾ ਹੀ ਹੋ ਗਿਆ। ਤਦ ਧਰਤੀ ੧੨
ਨੈ ਘਾਹ ਅਰ ਸਾਗਪੱਤ ਨੂੰ, ਜੋ ਆਪੋ ਆਪਣੀ ਜਾਤ ਦੇ
ਅਨੁਸਾਰ ਬੀਜ ਧਰਦੇ, ਅਤੇ ਫਲਨਹਾਰ ਰੁਖਾਂ ਨੂੰ, ਜਿਨਾਂ
ਦੇ ਬੀਂ ਤਿਨਾਂ ਦੀ ਜਾਤ ਦੇ ਅਨੁਸਾਰ ਉਨਾਂ ਵਿਚ ਹਨ,
ਉਗਾਇਆ; ਅਤੇ ਪਰਮੇਸੁਰ ਨੈ ਡਿੱਠਾ, ਜੋ ਅੱਛਾ ਹੈ। ਸੋ ੧੩
ਸੰਝ ਅਰ ਸਵੇਰ ਤੀਜਾ ਦਿਹਾੜ੍ਹਾ ਹੋਇਆ॥

ਉਪਰੰਦ ਪਰਮੇਸੁਰ ਨੈ ਕਿਹਾ, ਜੋ ਦਿਨ ਅਰ ਰਾਤ ਦੇ ੧੪
ਜੁਦਾ ਕਰਨ ਲਈ ਅਕਾਸ ਦੇ ਅਪਰ ਵਿਚ ਜੋਤਾਂ ਹੋਣ, ਸੋ
ਪਤਿਆਂ ਅਰ ਸਮਿਆਂ, ਦਿਨਾਂ ਅਰ ਵਰਿਹਾਂ ਦੇ ਕਾਰਨ
ਹੋਣ। ਅਤੇ ਓਹ ਅਕਾਸ ਦੇ ਅਪਰ ਵਿਚ ਜੋਤਾਂ ਠਹਿ- ੧੫
ਰਨ, ਜੋ ਧਰਤੀ ਪੁਰ ਚਾਨਣ ਕਰਨ। ਅਤੇ ਤਿਹਾ ਹੀ
ਹੋ ਗਿਆ। ਤਦ ਪਰਮੇਸੁਰ ਨੈ ਵਡੀਆਂ ਦੋ ਜੋਤਾਂ ਸਾਜੀ- ੧੬
ਆਂ; ਇਕ ਵਡੀ ਜੋਤ ਜੋ ਦਿਨ ਉੱਤੇ ਅਮਲ ਕਰੇ, ਅਤੇ ਦੂ-
ਜੀ ਛੋਟੀ ਜੋਤ ਜੋ ਰਾਤ ਉੱਤੇ ਅਮਲ ਕਰੇ; ਅਤੇ ਤਾਰੇ ਬੀ
ਸਾਜੇ। ਅਰ ਪਰਮੇਸੁਰ ਨੈ ਤਿਨਾਂ ਨੂੰ ਅਕਾਸ ਦੇ ਅਪਰ ੧੭

੧੮ ਵਿਚ ਰਖਿਆ, ਜੋ ਧਰਤੀ ਉੱਤੇ ਚਾਨਣ ਕਰਨ, ਅਤੇ ਦੇਹੁੰ ਅਰ
ਰਾਤ ਉੱਤੇ ਅਮਲ ਕਰਨ, ਅਤੇ ਚਾਨਣ ਨੂੰ ਅਨੇਰ ਥੀਂ ਅੱਡ
੧੯ ਕਰਨ। ਅਤੇ ਪਰਮੇਸੁਰ ਨੈ ਡਿੱਠਾ ਜੋ ਅੱਛਾ ਹੈ। ਸੋ ਸੰਝ
ਅਰ ਸਵੇਰ ਚੋਥਾ ਦਿਹਾੜਾ ਹੋਇਆ॥
੨੦ ਉਪਰੰਦ ਪਰਮੇਸੁਰ ਨੈ ਆਖਿਆ, ਜੋ ਪਾਣੀ ਚਲਣਵਾ-
ਲਿਆਂ ਜੀ ਜੰਤਾਂ ਨੂੰ ਬਹੁਤਾਇਤ ਨਾਲ ਉਪਜਾਵੇ; ਅਤੇ
ਪੰਖੇਰੂ ਧਰਤੀ ਉੱਪੁਰ ਅਕਾਸ ਦੇ ਅਧਰ ਵਿਚ ਉਡਣ।
੨੧ ਅਤੇ ਪਰਮੇਸੁਰ ਨੈ ਜਲ ਦੇ ਵਡੇ ਵਡੇ ਜੀਆਂ ਨੂੰ, ਅਤੇ
ਸਰਬੱਤ ਕੀੜੇ ਮਕੌੜਿਆਂ ਨੂੰ, ਜੋ ਆਪੋ ਆਪਣੀ ਜਾਤ ਦੇ
ਅਨੁਸਾਰ ਪਾਣੀਆਂ ਤੇ ਬਹੁਤਾਇਤ ਨਾਲ ਉਪਜੇ, ਅਤੇ
ਸਾਰੇ ਪੰਖੇਰੂਆਂ ਨੂੰ, ਉਨਾਂ ਦੀ ਜਾਤ ਦੇ ਅਨੁਸਾਰ, ਪੈਦਾ
੨੨ ਕੀਤਾ। ਅਤੇ ਪਰਮੇਸੁਰ ਨੈ ਡਿੱਠਾ, ਜੋ ਅੱਛਾ ਹੈ। ਅਤੇ
ਪਰਮੇਸੁਰ ਨੈ ਉਨਾਂ ਨੂੰ ਅਸੀਸ ਦੇਕੇ ਕਿਹਾ, ਜੋ ਫਲੋ, ਅਤੇ
ਵਧੋ, ਅਤੇ ਸਮੁੰਦਰਾਂ ਦੇ ਪਾਣੀਆਂ ਨੂੰ ਭਰੋ, ਅਤੇ ਪੰਖੇਰੂ
੨੩ ਧਰਤੀ ਉੱਤੇ ਵਧਣ। ਸੋ ਸੰਝ ਅਰ ਸਵੇਰ ਪੰਜਵਾਂ ਦਿ-
ਹਾੜਾ ਹੋਇਆ॥
੨੪ ਉਪਰੰਦ ਪਰਮੇਸੁਰ ਨੈ ਕਿਹਾ, ਜੋ ਧਰਤੀਓਂ ਜੀ ਜੰਤ
ਆਪੋ ਆਪਣੀ ਜਾਤ ਦੇ ਅਨੁਸਾਰ, ਅਰਥਾਤ ਪਸੂ, ਅਰ
ਕੀੜੇ ਮਕੌੜੇ, ਅਰ ਜੰਗਲੀ ਮਿਰਗ, ਆਪੋ ਆਪਣੀ ਜਾਤ
ਅਨੁਸਾਰ ਪੈਦਾ ਹੋਣ। ਅਤੇ ਤਿਹਾ ਹੀ ਹੋ ਗਿਆ।
੨੫ ਅਤੇ ਪਰਮੇਸੁਰ ਨੈ ਜੰਗਲੀ ਮਿਰਗਾਂ ਨੂੰ, ਤਿਨਾਂ ਦੀ ਜਾਤ
ਅਨੁਸਾਰ, ਅਰ ਪਸੂਆਂ ਨੂੰ, ਤਿਨਾਂ ਦੀ ਜਾਤ ਅਨੁਸਾਰ,
ਅਰ ਧਰਤੀ ਦੇ ਕੀੜੇ ਮਕੌੜਿਆਂ ਨੂੰ, ਤਿਨਾਂ ਦੀ ਜਾਤ ਦੇ ਅ-
ਨੁਸਾਰ, ਪੈਦਾ ਕੀਤਾ; ਅਤੇ ਪਰਮੇਸੁਰ ਨੈ ਡਿੱਠਾ, ਜੋ ਅੱਛਾ
੨੬ ਹੈ। ਤਦ ਪਰਮੇਸੁਰ ਨੈ ਕਿਹਾ, ਜੋ ਅਸੀਂ ਮਨੁਖ ਨੂੰ ਆਪਣੇ

ਸਰੂਪ ਉੱਤੇ, ਅਤੇ ਆਪ ਵਰਗਾ ਬਣਾਏ ; ਅਤੇ ਓਹ ਸਮੁੰਦਰ
ਦੀਆਂ ਮੱਛੀਆਂ, ਅਤੇ ਅਕਾਸ ਦੇ ਪੰਖੇਰੂਆਂ, ਅਰ ਪਸੂਆਂ
ਉੱਤੇ, ਅਤੇ ਸਾਰੀ ਧਰਤੀ ਉੱਤੇ, ਅਤੇ ਸਰਬੱਤ ਕੀੜੇ ਮਕੋੜਿ-
ਆਂ ਉੱਤੇ, ਜੋ ਧਰਤੀ ਪੁਰ ਚਲਦੇ ਹਨ, ਸਰਦਾਰੀ ਕਰਨ।
ਸੋ ਪਰਮੇਸੁਰ ਨੈ ਮਨੁਖ ਨੂੰ ਆਪਣੇ ਸਰੂਪ ਉੱਤੇ ਪੈਦਾ ਕੀਤਾ; ੨੭
ਉਨ ਪਰਮੇਸੁਰ ਹੀ ਦੇ ਸਰੂਪ ਉੱਤੇ ਉਸ ਨੂੰ ਪੈਦਾ ਕੀਤਾ; ਨਰ
ਅਰ ਨਾਰੀ ਤਿਨਾਂ ਨੂੰ ਪੈਦਾ ਕੀਤਾ। ਫੇਰ ਪਰਮੇਸੁਰ ਨੈ ੨੮
ਤਿਨਾਂ ਨੂੰ ਅਸੀਸ ਦਿੱਤੀ, ਅਤੇ ਪਰਮੇਸੁਰ ਨੈ ਉਨਾਂ ਨੂੰ
ਆਖਿਆ, ਜੋ ਫਲੋ, ਅਰ ਵਧੋ, ਅਤੇ ਧਰਤੀ ਨੂੰ ਭਰੋ, ਅਰ
ਉਹ ਨੂੰ ਆਪਣੇ ਬੱਸ ਵਿਚ ਕਰੋ, ਅਤੇ ਸਮੁੰਦਰ ਦੀਆਂ
ਮੱਛੀਆਂ, ਅਰ ਅਕਾਸ ਦੇ ਪੰਖੇਰੂਆਂ, ਅਰ ਸਰਬੱਤ ਜੀਵ-
ਧਾਰੀਆਂ ਉੱਤੇ, ਜੋ ਧਰਤੀ ਉੱਪੁਰ ਚੱਲਦੇ ਹਨ, ਸਰਦਾਰੀ
ਕਰੋ। ਅਤੇ ਪਰਮੇਸੁਰ ਨੈ ਕਿਹਾ, ਦੇਖੋ, ਮੈਂ ਹਰੇਕ ਬੀਂਵਾਲੇ ੨੯
ਸਾਗਪੱਤ ਨੂੰ, ਜੋ ਸਾਰੀ ਧਰਤੀ ਪੁਰ ਹੈ, ਅਤੇ ਹਰੇਕ ਬਿਰਛ
ਨੂੰ, ਜਿਸ ਵਿਖੇ ਬੀਂਵਾਲਾ ਫਲ ਹੈ, ਤੁਹਾ ਨੂੰ ਦਿੰਦਾ ਹਾਂ; ਸੋ
ਤੁਹਾਡੇ ਖਾਣ ਲਈ ਹੋਵੇਗਾ। ਅਤੇ ਧਰਤੀ ਦੇ ਸਾਰੇ ੩੦
ਮਿਰਗਾਂ ਨੂੰ, ਅਰ ਅਕਾਸ ਦੇ ਸਰਬੱਤ ਪੰਖੇਰੂਆਂ ਨੂੰ, ਅਤੇ
ਉਨਾਂ ਸਭਨਾਂ ਨੂੰ ਜੋ ਧਰਤੀ ਉੱਤੇ ਪੇਟ ਭਾਰ ਚੱਲਦੇ ਹਨ,
ਜਿਨਾਂ ਵਿਚ ਜੀਉਣ ਦਾ ਸਾਂਸ ਹੈ, ਸਰਬੱਤ ਭਾਂਤ ਦੀ
ਹਰਿਆਈ ਤਿਨਾਂ ਦੇ ਖਾਣ ਨੂੰ ਦਿੰਦਾ ਹਾਂ। ਅਤੇ ਤਿਹਾ
ਹੀ ਹੋ ਗਿਆ। ਫੇਰ ਪਰਮੇਸੁਰ ਨੈ ਸਰਬੱਤ ਉੱਤੇ ਜੋ ਉਸ ੩੧
ਨੈ ਬਣਾਇਆ ਸੀ, ਨਜਰ ਪਾਈ, ਅਤੇ ਦੇਖਿਆ, ਜੋ ਬਹੁਤ
ਅੱਛਾ ਹੈ। ਸੋ ਸੰਝ ਅਰ ਸਵੇਰ ਛੇਵਾਂ ਦਿਹਾੜਾ ਹੋਇ-
ਆ॥

ਇਸ ਤਰਾਂ ਅਕਾਸ ਅਰ ਧਰਤੀ, ਅਤੇ ਤਿਨਾਂ ਦੀ [੨]

੨ ਸਾਰੀ ਵਸੋਂ ਤਿਆਰ ਹੋ ਗਈ। ਅਤੇ ਪਰਮੇਸੁਰ ਸੱਤਵੇਂ
ਦਿਨ ਆਪਣਾ ਕੰਮ, ਜੋ ਉਨ ਬਣਾਇਆ ਸੀ, ਪੂਰਾ ਕਰ
ਚੁੱਕਿਆ ਸਾ, ਅਤੇ ਸੱਤਵੇਂ ਦਿਨ ਆਪਣੇ ਸਾਰੇ ਕੰਮ ਤੇ, ਜੋ
੩ ਉਸ ਨੈ ਸਾਜਿਆ ਸਾ, ਵਿਸਰਾਮ ਕੀਤਾ। ਉਪਰੰਦ
ਪਰਮੇਸੁਰ ਨੈ ਸੱਤਵੇਂ ਦਿਨ ਤਾਈਂ ਅਸੀਸ ਦਿੱਤੀ, ਅਤੇ
ਤਿਸ ਨੂੰ ਪਵਿੱਤ੍ਰ ਠਰਾਇਆ; ਇਸ ਲਈ ਕਿ ਆਪਣੇ
ਸਾਰੇ ਕੰਮ ਥੀਂ, ਜੋ ਪਰਮੇਸੁਰ ਨੈ ਉਤਪੱਤ ਕੀਤਾ, ਅਤੇ ਸਾ-
ਜਿਆ ਸਾ, ਇਸ ਦਿਹਾੜੇ ਵਿਸਰਾਮ ਕੀਤਾ॥

੪ ਇਹ ਅਕਾਸ ਅਤੇ ਧਰਤੀ ਦਾ ਬਖਾਨ ਹੈ, ਕਿ ਜਦ ਏਹ
ਉਤਪੱਤ ਹੋਏ, ਅਰ ਜਿਸ ਦਿਨ ਪਰਮੇਸੁਰ ਪ੍ਰਭੁ ਨੈ ਧਰਤੀ
੫ ਅਤੇ ਅਕਾਸ ਨੂੰ ਬਣਾਇਆ, ਅਤੇ ਮਦਾਨ ਦਾ ਸਭ
ਸਾਗਪੱਤ, ਜੋ ਅਜੇ ਧਰਤੀ ਉੱਤੇ ਨਾ ਸੀ, ਅਤੇ ਮਦਾਨ ਦੇ
ਸਭ ਬੂਟੇ ਬਿਰਵੇ, ਜੋ ਅਜਾਂ ਉੱਗੇ ਨਹੀਂ ਸਨ। ਕਿੰਉਕਿ
ਪਰਮੇਸੁਰ ਨੈ ਧਰਤੀ ਉੱਤੇ ਮੀਂਹ ਨਹੀਂ ਵਰਹਾਇਆ ਸਾ,
੬ ਅਤੇ ਨਾ ਜਮੀਨ ਦੇ ਬਾਹੁਣ ਲਈ ਕੋਈ ਮਨੁਖ ਸਾ। ਪਰ
ਧਰਤੀਓਂ ਕੁਹੀੜ ਨਿੱਕਲੀ, ਅਰ ਸਾਰੀ ਜਮੀਨ ਨੂੰ ਗਿੱਲ
ਦੇ ਦਿੱਤੀ ਸੀ॥

੭ ਤਦ ਪਰਮੇਸੁਰ ਪ੍ਰਭੁ ਨੈ ਧਰਤੀ ਦੀ ਮਿੱਟੀ ਥੀਂ ਮਨੁਖ
ਬਣਾਇਆ, ਅਤੇ ਉਹ ਦੀਆਂ ਨਾਸਾਂ ਵਿਚ ਜੀਉਣ ਦਾ
੮ ਸਾਹ ਫੂਕਿਆ; ਸੋ ਮਨੁਖ ਜੀਉਂਦੀ ਜਾਨ ਹੋ ਗਿਆ। ਅਤੇ
ਪਰਮੇਸੁਰ ਨੈ ਅਦਨ ਵਿਖੇ, ਪੂਰਬ ਦੇ ਦਾਉ, ਇਕ ਬਾਗ
ਲਾਇਆ, ਅਤੇ ਉਸ ਮਨੁਖ ਤਾਈਂ, ਜਿਹ ਨੂੰ ਓਨ ਬਣਾਇ-
੯ ਆ ਸੀ, ਉਸ ਵਿਚ ਰਖਿਆ। ਅਤੇ ਪਰਮੇਸੁਰ ਪ੍ਰਭੁ ਨੈ
ਹਰ ਬਿਰਛ, ਜੋ ਦੇਖਣ ਵਿਚ ਸੁਹਣਾ, ਅਤੇ ਖਾਣ ਵਿਚ ਚੰਗਾ
ਸੀ, ਅਤੇ ਜੀਉਣ ਦਾ ਬਿਰਛ ਬਾਗ ਦੇ ਵਿਚਕਾਰ, ਅਰ ਭਲੇ